ਮੁਖਵਾਕ ਨੰਬਰ ੭੬ [ਆਦਿ ਅੰਗ ੬੫੧-੫੨]

**ਸਲੋਕੁ ਮਃ ੩ ॥ ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥ ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥ ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥ ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥ ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥ ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥ ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥**

## ਸਲੋਕ ਮਃ ੩ ॥

ਇਹ ਅੰਮ੍ਰਿਤ ਬਚਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੫੧ ਅੰਗ 'ਤੇ ਸੋਰਠਿ ਦੀ ਵਾਰ ਵਿੱਚ ਅੰਕਿਤ ਹੈ ਜਿਸ ਵਿੱਚ ਦੁੱਖਾਂ ਨੂੰ ਮੇਟਣ ਲਈ ਗੁਰ ਸੇਵਾ ਵੱਲ ਇਸ਼ਾਰਾ ਕੀਤਾ ਹੈ।

## ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥

ਸਤਿਗੁਰੂ ਜੀ ਦੀ ਸੇਵਾ ਦਾ ਐਸਾ ਪ੍ਰਤਾਪ ਹੈ ਕਿ ਸੇਵਾ ਕਰਨ ਵਾਲੇ ਨੂੰ ਸੇਵਾ ਤੋਂ ਸੁਖ ਊਪਜੈ=ਪੈਦਾ ਹੁੰਦਾ ਹੈ। ਇਹ ਐਸਾ ਸੁਖ ਹੈ ਫਿਰਿ=ਮੁੜ ਕੇ ਭਾਵ ਕਦੇ ਵੀ ਆਇ=ਆ ਕਰਕੇ ਦੁੱਖ ਨਹੀਂ ਲਗਦਾ। ਸੇਵਾ ਵਿੱਚ ਮਹਾਨ ਬਰਕਤਾਂ ਹਨ। ਨਿਸ਼ਕਾਮ ਸੇਵਾ ਤੋਂ ਅੰਤਸ਼ਕਰਨ ਦੀ ਸੁਧੀ ਹੋ ਕੇ ਨਾਮ ਦੁਆਰਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਮ ਗਿਆਨ ਦੁਆਰਾ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਸਭ ਤੋਂ ਵੱਡਾ ਦੁੱਖ ਅਗਿਆਨ ਤੇ ਜੰਮਣ ਮਰਨ ਦਾ ਹੈ ਜਿਸਦਾ ਹੋਰ ਕੋਈ ਭੀ ਇਲਾਜ ਨਹੀਂ ਹੈ। ਜਿਵੇਂ ਅੰਧਕਾਰ ਦਾ ਚਾਨਣ ਤੋਂ ਬਿਨਾਂ ਹੋਰ ਕੋਈ ਭੀ ਇਲਾਜ ਨਹੀਂ। ਚਾਨਣ ਨੂੰ ਪ੍ਰਾਪਤ ਕਰਨ ਲਈ ਜੇ ਕੋਈ ਦੀਵਾ-ਦੀਵਾ ਕਹੀ ਜਾਵੇ ਤਾਂ ਅੰਧਕਾਰ ਦੂਰ ਨਹੀਂ ਹੁੰਦਾ।

ਯਥਾ— **ਭਗਵਨ ਤਿਮਰ ਨਾਸੇ ਨਹੀਂ ਕਹਿ ਦੀਪਕ ਕੀ ਬਾਤ ॥**
**ਪੂਰਣ ਗਿਆਨ ਉਦੋਤ ਬਿਨ ਹ੍ਰਿਦੈ ਭਰਮ ਨਹੀਂ ਜਾਤ ॥** [ਵਿਚਾਰ ਮਾਲਾ ਅਧਿਆਇ ੪]

ਜਿਵੇਂ ਪਾਣੀ ਪਾਣੀ ਕਹਿਣ ਨਾਲ ਪਿਆਸ ਨਹੀਂ ਬੁਝਦੀ; ਪਾਣੀ ਦੇ ਪ੍ਰਾਪਤ ਹੋਣ ਤੋਂ ਹੀ ਪਿਆਸ ਦੀ ਨਵਿਰਤੀ ਹੁੰਦੀ ਹੈ। ਰੋਟੀ-ਰੋਟੀ ਕਹਿਣ ਨਾਲ ਭੁੱਖ ਨਹੀ ਮਿਟਦੀ ਜਿਤਨੀ ਦੇਰ ਰੋਟੀ ਨਾ ਪ੍ਰਾਪਤ ਹੋ ਜਾਵੇ। ਖੰਡ-ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਜਾਂਦਾ; ਖੰਡ ਮੂੰਹ ਵਿੱਚ ਪੈਣ ਤੋਂ ਹੀ ਮੂੰਹ ਮਿੱਠਾ ਹੋਵੇਗਾ। ਇਨ੍ਹਾਂ ਚੀਜਾਂ ਨੂੰ ਪ੍ਰਾਪਤ ਕਰਨ ਲਈ ਕੁਝ ਯਤਨ ਕਰਨਾ ਪਵੇਗਾ। ਇਸੇ ਤਰ੍ਹਾਂ ਗਿਆਨ-ਗਿਆਨ ਕਹਿਣ ਨਾਲ, ਗਿਆਨ ਦੀਆਂ ਗਲਾਂ ਕਰਨ ਨਾਲ ਗਿਆਨ ਨਹੀਂ ਹੁੰਦਾ ਜਿਤਨੀ ਦੇਰ ਅੰਤਸਕਰਨ ਸੁਧ ਹੋ ਕੇ ਉਸ ਵਿੱਚ ਨਾਮ ਨਾ ਵਸ ਜਾਵੇ। ਨਾਮ-ਅਭਿਆਸ ਦੁਆਰਾ ਗਿਆਨ ਮਿਲੇਗਾ ਜਿਸਤੋਂ ਨਿਤ ਸੁਖ ਦੀ ਪ੍ਰਾਪਤੀ ਹੋਵੇਗੀ। ਭਾਈ ਗੁਰਦਾਸ ਜੀ ਵੀ ਫੁਰਮਾਨ ਕਰਦੇ ਹਨ ਕਿ ਗੱਲਾਂ ਨਾਲ ਕਿਸੇ ਵੀ ਚੀਜ ਦੀ ਪ੍ਰਾਪਤੀ ਨਹੀਂ ਹੁੰਦੀ :—

ਯਥਾ— **ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥**
**ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥**

PDF created with pdfFactory Pro trial version www.pdffactory.com

**ਚੰਦਨ ਚੰਦਨ ਕਹੈ ਪ੍ਰਗਟੈ ਨ ਸੁਭਾਬ ਬਾਸ ਚੰਦ੍ਰ ਚੰਦ੍ਰ ਕਹੈ ਉਜਿਆਰੋ ਨ ਪ੍ਰਗਾਸ ਹੈ॥**
**ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ ਕਰਨੀ ਪ੍ਰਧਾਨ ਭਾਨੁ ਉਦਤਿ ਅਕਾਸ਼ ਹੈ॥**
[ਭਾਈ ਗੁਰਦਾਸ ਜੀ ਕਬਿੱਤ-੪੩੭]

## ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥

ਗੁਰ ਸੇਵਾ ਦੇ ਪ੍ਰਤਾਪ ਕਰਕੇ ਸੇਵਾ ਕਰਨ ਵਾਲੇ ਦਾ ਜੰਮਣੁ=ਜਨਮ ਲੈਣਾ ਤੇ ਮਰਣਾ ਮਿਟਿ ਗਇਆ=ਖਤਮ ਹੋ ਗਿਆ ਭਾਵ ਨਾਸ ਹੋ ਗਿਆ ਕਾਲੈ=ਕਾਲ ਦਾ ਕੁਝ ਵੀ ਬਸਾਇ=ਵਸ ਨਹੀਂ ਚਲਦਾ।

ਯਥਾ— **ਜੰਮਣੁ ਮਰਣੁ ਠਾਕਿ ਰਹਾਏ॥ ਪੂਰੇ ਗੁਰ ਤੇ ਇਹ ਮਤਿ ਪਾਏ॥**
[ਗਉੜੀ ਮਹਲਾ ੧, ਅੰਗ ੨੨੨]

## ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥

ਸੇਵਾ ਕਰਨ ਵਾਲੇ ਉਸ ਸੇਵਕ ਦਾ ਮਨ ਹਰਿ=ਵਾਹਿਗੁਰੂ ਸੇਤੀ=ਨਾਲ ਰਵਿ=ਮਿਲ ਰਿਹਾ ਹੈ। ਇਸੇ ਲਈ ਉਹ ਸੱਚੇ ਪ੍ਰਮਾਤਮਾ ਵਿੱਚ ਸਮਾਇ=ਅਭੇਦ ਹੋ ਰਿਹਾ ਹੈ।

## ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੈਂ ਉਨ੍ਹਾਂ ਤੋਂ ਬਲਿਹਾਰ=ਕੁਰਬਾਨ ਜਾਂਦਾ ਹਾਂ ਜੋ ਸਿੱਖ ਸਤਿਗੁਰੂ ਜੀ ਦੀ ਭਾਇ=ਆਗਿਆ ਵਿੱਚ ਚਲਦੇ ਹਨ।

## ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥

ਇਸ ਮਹੱਲੇ ਵਿੱਚ ਸਤਿਗੁਰੂ ਜੀ ਖੋਟੀ ਇਸਤ੍ਰੀ ਜੋ ਖੋਟੇ ਲੱਖਣਾ ਵਾਲੀ ਹੈ ਉਸ ਦਾ ਜਿਕਰ ਕਰਦੇ ਹਨ ਜਿਸ ਦਾ ਅੰਤਰੀਵ ਭਾਵ ਸਿੱਖ ਪ੍ਰਤੀ ਹੈ। ਪਹਿਲਾ ਅਰਥ :—ਬਿਨੁ ਸਬਦੈ=ਸੁਭ ਸਿਖਿਆ ਤੋਂ ਬਿਨਾਂ ਭਾਵ ਜਿਸ ਔਰਤ ਨੂੰ ਪੇਕੇ ਘਰ ਵਿੱਚ ਸੁਭ ਸਿਖਿਆ ਪ੍ਰਾਪਤ ਨਹੀਂ ਹੋਈ ਉਸ ਦਾ ਜੀਵਨ ਗੁਰਮਤ ਸਿਖਿਆ ਤੋਂ ਬਿਨਾਂ ਸੁਧ ਨਹੀਂ ਹੁੰਦਾ ਬਲਕਿ ਘੋਰ ਪਾਪ-ਗ੍ਰਸਤ ਹੁੰਦਾ ਹੈ। ਉਹ ਭਾਵੇ ਅਨੇਕਾਂ ਹੀ ਸਰੀਰ ’ਤੇ ਹਾਰ-ਸ਼ਿੰਗਾਰ ਕਰ ਲਵੇ ਕਦੇ ਸੁਖੀ ਨਹੀਂ ਰਹਿ ਸਕਦੀ ਕਿਉਂਕਿ ਸੁਖੀ ਰਹਿਣ ਲਈ ਸੁਭ ਗੁਣਾਂ ਦੀ ਲੋੜ ਹੈ ਜੋ ਉਸ ਕੋਲ ਨਹੀਂ ਹਨ।

## ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥

ਉਸ ਖੋਟੀ ਇਸਤ੍ਰੀ ਨੇ ਪਿਰ=ਪਤੀ ਨੂੰ ਖੁਸ਼ ਕਰਨ ਦੀ ਸਾਰ=ਖਬਰ ਨਹੀਂ ਜਾਣੀ ਬਲਕਿ ਦੂਸਰੇ ਪੁਰਖ ਨਾਲ ਪ੍ਰੇਮ ਪਿਆਰ ਕਰਦੀ ਹੈ।

## ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾ=ਉਹ ਇਸਤ੍ਰੀ ਕੁਲਖਣੀ=ਕੁਲ ਨੂੰ ਖਾਣੀ=ਨਾਸ ਕਰਨ ਵਾਲੀ ਕੁਸੁਧ=ਅਪਵਿਤ੍ਰ ਹੈ। ਸਾ=ਉਹ ਇਸਤਰੀਆਂ ਵਿੱਚ ਕੁਨਾਰਿ=ਖੋਟੀ ਇਸਤਰੀ ਕਰਕੇ ਜਾਣੀ ਜਾਂਦੀ ਹੈ। ਇਹੋ ਜਿਹੀ ਖੋਟੀ ਇਸਤਰੀ ਦੀ ਪਹਿਚਾਣ ਕਰਾਉਂਦਿਆਂ ਗੁਰੂ ਸਾਹਿਬ ਫੁਰਮਾਨ ਕਰਦੇ ਹਨ :—

ਯਥਾ— **੧. ਦੋਹਾਗਣੀ ਕਿਆ ਨੀਸਾਣੀਆ॥**
**ਖਸਮਹੁ ਘੁਥੀਆ ਫਿਰਹਿ ਨਿਮਾਣੀਆ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥** [ਸਿਰੀਰਾਗ ਮਹਲਾ ੧, ਅੰਗ ੭੨]

PDF created with pdfFactory Pro trial version www.pdffactory.com

**੨. ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥** [ਵਾਰ ਸਿਰੀਰਾਗ ਮਹਲਾ ੧, ਅੰਗ ੮੫]

**੩. ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥**
**ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥**
[ਵਾਰ ਸਿਰੀਰਾਗ ਮਹਲਾ ੩, ਅੰਗ ੮੯]

**੪. ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥**
[ਸੋਰਠਿ ਮਹਲਾ ੩, ਅੰਗ ੬੩੯]

*ਅੰਤਰੀਵ ਅਰਥ :—*

## *ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥*

ਸਤਿਗੁਰੂ ਦੇ ਸਬਦੈ=ਉਪਦੇਸ਼ ਤੋਂ ਬਿਨਾਂ ਜੀਵ ਰੂਪ ਇਸਤ੍ਰੀ ਸੁਧੁ=ਅਪਵਿਤ੍ਰਤਾ ਰਹਿਤ ਨਹੀਂ ਹੋ ਸਕਦੀ ਭਾਵੇਂ ਅਨੇਕਾਂ ਹੀ ਕਿਸਮ ਦਾ ਕਰਮਾਂ ਰੂਪੀ ਵਾ ਸਾਧਨਾ ਰੂਪੀ ਵਾ ਜਪ-ਤਪ ਰੂਪੀ ਸੀਗਾਰ ਕਰ ਲਵੇ।

## *ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥*

ਉਹ ਪਾਖੰਡ ਸਹਿਤ ਹੋਣ ਕਰਕੇ ਆਪਣੇ ਪਿਰ=ਪ੍ਰਮੇਸ਼ਰ ਦੀ ਸਾਰ=ਖਬਰ ਨਹੀਂ ਜਾਣਦੀ ਦੂਜੈ ਭਾਇ=ਦਵੈਤ ਭਾਵਨਾ ਵਿੱਚ ਪਿਆਰੁ=ਪ੍ਰੇਮ ਕਰਦੀ ਹੈ ਭਾਵ ਪ੍ਰਮਾਤਮਾ ਨੂੰ ਛੱਡ ਕੇ ਉਸਦੀ ਬਿਰਤੀ ਦੇਵੀ ਦੇਵਤਿਆਂ ਵਿੱਚ ਵਿਭਚਾਰੀ ਹੋ ਰਹੀ ਹੈ। ਐਸੀ ਜਗਿਆਸੂ ਰੂਪ ਇਸਤ੍ਰੀ ਨੂੰ ਸਤਿਗੁਰੂ ਜੀ ਫੁਰਮਾਨ ਕਰਦੇ ਹਨ।

## *ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥*

ਸਾ=ਉਹ ਜਗਿਆਸੂ ਰੂਪ ਇਸਤ੍ਰੀ ਕੁਸੁਧ=ਅਪਵ੍ਰਿਤ ਮਨ ਵਾਲੀ ਹੈ ਅਤੇ ਸਾ=ਉਹ ਇਸਤ੍ਰੀ ਕੁਲਖਣੀ=ਸ੍ਰੇਸ਼ਟ ਗੁਣਾਂ ਰੂਪੀ ਕੁਲ ਨੂੰ ਨਾਸ ਕਰਨ ਵਾਲੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਉਹ ਜੀਵ ਰੂਪ ਇਸਤਰੀਆਂ ਵਿੱਚ ਕੁਨਾਰਿ-ਖੋਟੀ ਇਸਤ੍ਰੀ ਹੈ।

ਯਥਾ— **੧. ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥**
**ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥** [ਧਨਾਸਰੀ ਮਹਲਾ ੧, ਅੰਗ ੬੮੯]

**੨. ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥**
[ਸੂਹੀ ਮਹਲਾ ੫, ਅੰਗ ੭੩੭]

## *ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥*

ਹੇ ਹਰਿ=ਵਾਹਿਗੁਰੂ ! ਹਰ ਪ੍ਰਕਾਰ ਕਰਕੇ ਆਪਣੀ ਦਇਆ=ਕਿਰਪਾ ਦ੍ਰਿਸ਼ਟੀ ਕਰਨੀ ਕਰ ਤਾਂ ਕਿ ਮੈਂ ਆਪਣੇ ਮੂੰਹ ਤੋਂ ਹਰਿ ਨਾਮ ਰੂਪ ਬੈਣੀ=ਬਾਣੀ ਨੂੰ ਬੋਲੀ=ਬੋਲਣਾ ਕਰਾਂ॥

ਯਥਾ— **ਆਪਿ ਜਪਾਏ ਜਪੈ ਸੋ ਨਾਉ ॥**
**ਆਪਿ ਗਾਵਾਏ ਸੁ ਹਰਿ ਗੁਨ ਗਾਉ ॥**
**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ ॥** [ਗਉੜੀ ਮਃ ੫, ਅੰਗ ੨੭੦-੭੧]

PDF created with pdfFactory Pro trial version www.pdffactory.com

## ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥

ਹਰਿ=ਵਾਹਿਗੁਰੂ ਨਾਮ ਨੂੰ ਧਿਆਈ=ਧਿਆਉਣਾ ਕਰਾਂ ਹਰਿ=ਵਾਹਿਗੁਰੂ ਨਾਮ ਨੂੰ ਰਸਨਾ ਨਾਲ ਉਚਰਾ= ਉਚਾਰਨ ਕਰਾਂ ਤੇ ਹਰਿ=ਪ੍ਰਮਾਤਮਾ ਦੀ ਪ੍ਰਾਪਤੀ ਰੂਪ ਲਾਹਾ ਲੈਣਾ ਕਰਾਂ।

## ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥

ਜੋ ਸਿਮਰਨ ਕਰਨ ਵਾਲੇ ਭਗਤ ਜਨ ਰਾਤ-ਦਿਨ ਹਰਿ=ਪ੍ਰਮੇਸ਼ਰ ਦੇ ਹਰਿ=ਵਾਹਿਗੁਰੂ ਨਾਮ ਨੂੰ ਜਪਣਾ ਕਰਦੇ ਹਨ ਉਹਨਾਂ ਸੰਤ ਜਨਾਂ ਤੋਂ ਮੈਂ ਕੁਰਬੈਣੀ=ਕੁਰਬਾਨ ਬਲਿਹਾਰ ਜਾਂਦਾ ਹਾਂ।

ਯਥਾ— **੧. ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥**
**ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥**

[ਸਿਰੀਰਾਗੁ ਮਹਲਾ ੩, ਅੰਗ ੩੫]

**੨. ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥** [ਮਾਰੂ ਮਹਲਾ ੩, ਅੰਗ ੧੦੪੫]

ਦਿਨ-ਰਾਤ ਨਾਮ ਅਰਾਧਣ ਵਾਲਿਆਂ ਨੂੰ ਗੁਰਬਾਣੀ ਵਿੱਚ ਥਾਂ-ਥਾਂ 'ਤੇ ਧੰਨਤਾ ਯੋਗ ਸ਼ਬਦਾਂ ਨਾਲ ਸਤਿਕਾਰਿਆ ਹੈ।

## ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥

ਜਿਨ੍ਹਾਂ ਗੁਰਮੁਖਾਂ ਨੇ ਮੇਰੇ ਪਿਆਰੇ ਸਤਿਗੁਰੂ ਨੂੰ ਅਰਾਧਿਆ=ਧਿਆਉਣਾ ਕੀਤਾ ਹੈ ਉਹਨਾਂ ਗੁਰਮੁਖਾਂ ਦੇ ਦਰਸ਼ਨਾਂ ਨੂੰ ਮੈ ਨੈਣੀ=ਅੱਖਾਂ ਦੁਆਰਾ ਦੇਖਾ=ਦੇਖਦਾ ਹਾਂ ਕਿਉਂਕਿ ਨਾਮ ਅਰਾਧਣ ਵਾਲੇ ਗੁਰਮੁਖਾਂ ਦਾ ਦਰਸ਼ਨ ਵੀ ਪਾਪ ਨਾਸ਼ਕ ਮੰਨਿਆ ਹੈ। ਨਾਮ ਦੇ ਪ੍ਰਤਾਪ ਕਰਕੇ ਉਹ ਗੁਰਮੁਖ ਸੰਸਾਰ ਵਿੱਚ ਹਰ ਪੱਖੋਂ ਸਤਿਕਾਰੇ ਗਏ ਹਨ। ਜਿਥੇ ਬੈਠਦੇ ਹਨ ਉਹ ਧਰਤੀ ਵੀ ਸਤਿਕਾਰ ਵਾਲੀ ਹੋ ਜਾਂਦੀ ਹੈ। ਜੋ ਦਰਸ਼ਨ ਕਰਦੇ ਹਨ ਉਹ ਵੀ ਸਤਿਕਾਰ ਯੋਗ ਹੋ ਜਾਂਦੇ ਹਨ ਉਹਨਾਂ ਦੇ ਪਾਪ ਘਟ ਜਾਂਦੇ ਹਨ ਤੇ ਪੁੰਨਾਂ ਵਿੱਚ ਵਾਧਾ ਹੋ ਜਾਂਦਾ ਹੈ।

## ਹਉ ਵਾਰਿਆ ਅਪਣੇ ਗੁਰੂ ਕਉ
## ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥

ਹਉ=ਮੈਂ ਆਪਣੇ ਸਤਿਗੁਰਾਂ ਤੋਂ ਵਾਰਿਆ=ਬਲਿਹਾਰ-ਕੁਰਬਾਨ ਜਾਂਦਾ ਹਾਂ ਜਿਨ੍ਹਾਂ ਸਤਿਗੁਰਾਂ ਨੇ ਮੇਰੇ ਸਜਣੁ=ਮਿੱਤਰ ਹਰਿ=ਪ੍ਰਮੇਸ਼ਰ ਨੂੰ ਮੇਲਿਆ=ਮਿਲਾਉਣਾ ਕੀਤਾ ਹੈ, ਹੁਣ ਉਹੀ ਪ੍ਰਮੇਸ਼ਰ ਮੇਰਾ ਸੈਣੀ=ਸਾਥੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੭੭ [ਆਦਿ ਅੰਗ ੬੫੩]

***ਸਲੋਕੁ ਮਃ ੩ ॥ ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥ ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥ ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥ ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥ ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥ ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ***

## ਸਲੋਕ ਮਃ ੩ ॥

ਇਹ ਮੁਖਵਾਕ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੁਆਰਾ ਉਚਾਰਨ ਕੀਤਾ ਹੋਇਆ ਸੋਰਠਿ ਦੀ ਵਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੫੩ ਅੰਗ ਤੇ ਅੰਕਿਤ ਹੈ। ਜਿਸ ਵਿੱਚ ਸਤਿਗੁਰੂ ਜੀ ਆਪਣੇ ਮਨ ਪ੍ਰਤੀ ਉਚਾਰ ਕੇ ਪ੍ਰਮਾਰਥੀ ਜ਼ਿੰਦਗੀ ਜੀਅ ਰਹੇ ਗੁਰਸਿਖਾਂ ਨੂੰ ਨਾਮ ਚਿੰਤਨ ਦਾ ਢੰਗ ਦੱਸ ਰਹੇ ਹਨ। ਮਨ ਨੂੰ ਸੰਬੋਧਨ ਕਰ ਕੇ ਕਹਿ ਰਹੇ ਹਨ।

## ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥

ਹੇ ਮੇਰੇ ਮਨ! ਤੂ ਭਾਇ=ਪ੍ਰੇਮ ਨਾਲ ਇਕ ਮਨਿ=ਇਕਾਗਰ ਮਨ ਨਾਲ ਇਕ ਚਿੱਤ ਹੋ ਕੇ ਉਸ ਹਰਿ=ਪ੍ਰਮੇਸ਼ਰ ਵਾਹਿਗੁਰੂ ਜੀ ਨੂੰ ਧਿਆਇ=ਧਿਆਉਣਾ ਕਰ, ਭਾਵੇਂ ਕੋਈ ਸੰਸਾਰ ਦਾ ਕੰਮ ਕਰਨਾ ਹੋਵੇ ਇਕਾਗਰਤਾ ਦੀ ਹਰ ਕੰਮ ਵਿੱਚ ਲੋੜ ਹੈ। ਜਿਥੇ ਵੀ ਮਨ ਖਿੰਡਾ ਵਿੱਚ ਆ ਜਾਵੇ ਉਥੇ ਹੀ ਕਾਰਜ ਵਿੱਚ ਰੁਕਾਵਟ ਪੈਦਾ ਹੋ ਜਾਂਦੀ ਹੈ ਅਤੇ ਪੂਰਨ ਰੂਪ ਵਿੱਚ ਕਾਰਜ ਸਫਲਾ ਨਹੀਂ ਹੋ ਸਕਦਾ। ਭਾਵੇਂ ਕ੍ਰਿਸਾਨ ਖੇਤੀ ਕਰਦਾ ਹੈ, ਜੇ ਮਨ ਲਗਾ ਕੇ ਕ੍ਰਿਸਾਣੀ ਨਹੀਂ ਕਰਦਾ ਤਾਂ ਲਾਭ ਦੇ ਥਾਂ ਘਾਟਾ ਹੀ ਪ੍ਰਾਪਤ ਹੋਵੇਗਾ। ਵਪਾਰ ਕਰੇ ਵਪਾਰ ਵਿਚ ਘਾਟਾ, ਮਜ਼ਦੂਰੀ ਕਰੇ ਤਾਂ ਮਜਦੂਰੀ ਤੋਂ ਜਵਾਬ ਮਿਲ ਸਕਦਾ ਹੈ, ਸੈਂਕੜੇ ਪ੍ਰਮਾਣ ਮੌਜੂਦ ਹਨ ਕਿ ਜਿਸ ਕੰਮ ਵਿੱਚ ਮਨ ਨਹੀਂ ਲਗਦਾ ਉਹ ਕੰਮ ਕਦੇ ਵੀ ਸਫਲਾ ਨਹੀਂ ਹੁੰਦਾ। ਜਦੋਂ ਅਸਥੂਲ ਕਾਰਜਾਂ ਦਾ ਇਹ ਹਾਲ ਹੈ ਤਾਂ ਨਾਮ ਚਿੰਤਨ ਤਾਂ ਇਕ ਬੜੀ ਸੂਖਮ ਕਲਾ ਹੈ। ਖਿੰਡੇ ਮਨ ਨਾਲ ਜਪਿਆ ਹੋਇਆ ਨਾਮ ਸਫਲਾ ਨਹੀਂ ਹੋ ਸਕਦਾ। ਕੇਵਲ ਰਸਨਾ ਦੁਆਰਾ ਬਿਨਾਂ ਪ੍ਰੇਮ ਤੇ ਇਕਾਰਗਤਾ ਤੋਂ ਜਾਪ ਕਰਨ ਨਾਲ ਕੋਈ ਲਾਭ ਨਹੀਂ। ਬਲਕਿ ਇਸ ਦਾ ਸਤਿਗੁਰਾਂ ਦੀ ਅੰਮ੍ਰਿਤ ਬਾਣੀ ਵਿੱਚ ਇਸ ਪ੍ਰਕਾਰ ਖੰਡਨ ਆਇਆ ਹੈ :—

ਯਥਾ— **ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥** [ਸਲੋਕ ਮਹਲਾ ੩, ਅੰਗ ੧੪੨੦]

ਕੋਈ ਫਕੀਰ ਚਲਦੇ ਖੂਹ ਦੇ ਪਾਸ ਬੈਠਾ ਨਾਮ ਦਾ ਰੱਟਾ ਲਾ ਰਿਹਾ ਸੀ ਉਸਨੂੰ ਅਨੁਕਤੀ ਅਲੰਕਾਰ ਦੁਆਰਾ ਸਮਝਾਇਆ ਕਿਉਂਕਿ ਹਰਟ ਵਿਚੋਂ ਵੀ ਤੂੰ-ਤੂੰ ਦੀ ਅਵਾਜ਼ ਆ ਰਹੀ ਸੀ। ਸਤਿਗੁਰੂ ਜੀ ਨੇ ਕਿਹਾ ਹੇ ਹਰਟ! ਤੂੰ-ਤੂੰ ਦੀ ਬਾਣੀ ਤਾਂ ਤੂੰ ਭਲੀ ਬੋਲ ਰਿਹਾ ਹੈਂ ਪਰ ਤੇਰੇ ਵਿੱਚ ਪ੍ਰੇਮ ਭਾਵਨਾ ਤੇ ਮਨ ਦੀ ਇਕਾਗਰਤਾ ਨਾ ਹੋਣ ਕਰਕੇ ਕੋਈ ਲਾਭ ਨਹੀਂ ਪਹੁੰਚੇਗਾ, ਇਤਨੀ ਗੱਲ ਸੁਣਕੇ ਫਕੀਰ ਉਠਿਆ ਕਿ ਮਹਾਰਾਜ ਹਰਟ ਤਾਂ ਜੜ੍ਹ ਵਸਤੂ ਹੈ ਇਹ ਗੱਲ ਤਾਂ ਆਪ ਜੀ ਨੇ ਮੇਰੇ ਪ੍ਰਤੀ ਕਹੀ ਹੈ ਹੁਣ ਕਿਰਪਾ ਕਰੋ ਮੈਨੂੰ ਰਸਤਾ ਦੱਸੋ ਤਾਂ ਸਤਿਗੁਰੂ ਜੀ ਨੇ

PDF created with pdfFactory Pro trial version www.pdffactory.com

ਕਿਹਾ ਕਿ ਹਰਹਟ=ਜੀਵ ! ਤੂੰ-ਤੂੰ ਕਰਨੇ ਰੂਪੀ ਬੈਖਰੀ ਬਾਣੀ ਤਾਂ ਤੂੰ ਭਲੀ=ਚੰਗੀ ਬੋਲ ਰਿਹਾ ਹੈਂ ਪਰ ਕੋਲ ਪ੍ਰਮੇਸ਼ਰ ਲਈ ਪਿਆਰ ਤੇ ਮਨ ਦੀ ਇਕਾਗਰਤਾ ਨਹੀਂ ਇਸ ਲਈ ਤੈਨੂੰ ਕੋਈ ਲਾਭ ਨਹੀਂ ਮਿਲੇਗਾ। ਉੱਚੇ ਪੁਕਾਰਨਾ ਉਸ ਲਈ ਹੁੰਦਾ ਹੈ ਜੋ ਨੀਵਾਂ ਬੋਲਿਆ ਸੁਣ ਨਾ ਸਕੇ ਭਾਵ ਜੋ ਧੀਮੀ ਆਵਾਜ਼ ਨੂੰ ਸੁਣਨ ਵਿੱਚ ਅਸਮੱਰਥ ਹੋਵੇ। ਉਹ ਪ੍ਰਮੇਸ਼ਰ ਤਾਂ ਚਿੱਤ ਦੀਆਂ ਚਿਤਵਨੀਆਂ ਨੂੰ ਜਾਣਦਾ ਹੈ।

ਯਥਾ— **੧. ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥**

[ਆਸਾ ਮਹਲਾ ੫, ਅੰਗ ੩੮੧]

**੨. ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥**

[ਦਸਮ ਗ੍ਰੰਥ ਅੰਗ ੧੩੮੭]

ਸਤਿਗੁਰੂ ਜੀ ਨੇ ਫੁਰਮਾਇਆ ਕਿ ਉਹ ਮਾਲਕ ਤਾਂ ਸਦਾ ਨੇੜੇ ਤੋਂ ਨੇੜੇ ਵਸ ਰਿਹਾ ਹੈ ਇਸ ਲਈ ਤੇਰਾ ਉੱਚੇ ਪੁਕਾਰਨਾ ਬਿਅਰਥ ਹੈ :—

**ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥** [ਸਲੋਕ ਮਹਲਾ ੩, ਅੰਗ ੧੪੨੦]

ਇਸੇ ਤਰ੍ਹਾਂ ਉੱਚੇ ਬੋਲਣ ਦਾ ਖੰਡਨ ਕਰਦੇ ਹੋਏ ਇਕ ਮੁਲਾਂ ਨੂੰ ਦੱਸਿਆ ਕਿ ਕਿਸ ਲਈ ਮੁਨਾਰੇ ਤੇ ਚੜ੍ਹਕੇ ਕੂਕਾਂ ਮਾਰਦਾ ਹੈਂ ਪ੍ਰਮਾਤਮਾ ਕੋਈ ਬਹਿਰਾ ਨਹੀਂ ਹੈ ਜਿਸਨੂੰ ਤੂੰ ਉੱਚੀ ਬੋਲ ਕੇ ਸੁਣਾ ਰਿਹਾ ਹੈਂ :—

ਯਥਾ— **੧. ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥**
**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥** [ਸਲੋਕ ਕਬੀਰ ਅੰਗ ੧੩੭੪]

**੨. ਹੈ ਨਿਕਟੇ ਅਰੁ ਭੇਦੁ ਨ ਪਾਇਆ ॥** [ਭੈਰਉ ਮਹਲਾ ੫, ਅੰਗ ੧੧੩੯]

ਉਹ ਪ੍ਰਮਾਤਮਾ ਜੀਵ ਦੇ ਵਸਦਾ ਤਾਂ ਨੇੜੇ ਹੈ ਪਰ ਅਗਿਆਨ ਕਰਕੇ ਜੀਵ ਨੇ ਇਹ ਭੇਦ ਨਹੀਂ ਪਾਇਆ। ਇਸ ਕਰਕੇ ਸਤਿਗੁਰੂ ਜੀ ਨੇ ਮਨ ਚਿੱਤ ਇਕਾਗਰ ਕਰਕੇ ਪ੍ਰੇਮ ਸਹਿਤ ਧਿਆਉਣ ਦੀ ਗੱਲ ਸਿਧ ਕੀਤੀ ਹੈ।

## *ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥*

ਉਹ ਹਰਿ=ਵਾਹਿਗੁਰੂ ਦੀਆਂ ਸਦਾ ਸਦਾ=ਨਿਤ ਨਿਤ ਵਡਿਆਈਆਂ ਕਰ, ਜੋ ਜੀਵਾਂ ਨੂੰ ਦਾਤਾਂ ਦੇ ਕੇ ਪਛੋਤਾਇ=ਪਛਤਾਉਂਦਾ ਨਹੀਂ।

## *ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥*

ਹਉ=ਮੈਂ ਉਸ ਹਰਿ=ਵਾਹਿਗੁਰੂ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ ਜਿਸ ਦੀ ਸੇਵਾ ਕਰਨ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਹੈ।

## *ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥*

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰਮੁਖਿ=ਗੁਰਸਿਖ ਹਉਮੈ ਨੂੰ ਗੁਰੂ ਦੇ ਸਬਦਿ=ਉਪਦੇਸ਼ ਦੁਆਰਾ ਜਲਾਇ=ਸਾੜ ਕੇ ਭਾਵ ਨਾਸ ਕਰਕੇ ਉਸ ਪ੍ਰਭੂ ਨੂੰ ਮਿਲ ਰਹੇ ਹਨ। ਕਿਉਂਕਿ ਵਾਹਿਗੁਰੂ ਪ੍ਰਮੇਸ਼ਰ ਤੋਂ ਦੂਰ ਰੱਖਣ ਵਾਲੀ ਇਹ ਹਉਮੈ ਮਹਾਨ ਪ੍ਰਬਲ ਸ਼ਕਤੀ ਹੈ ਹਉਮੈ ਦੇ ਕਾਰਨ ਹੀ ਜੀਵ ਪ੍ਰਮਾਤਮਾ ਤੋਂ ਟੁਟਿਆ ਹੋਇਆ ਹੈ, ਜਦੋਂ ਵੀ ਜੁੜੇਗਾ ਭਾਵ ਮਿਲਾਪ ਹੋਵੇਗਾ ਉਦੋਂ ਰੰਚਕ ਮਾਤਰ ਵੀ ਹਉਮੈ ਦੀ ਮੈਲ ਨਹੀਂ ਹੋਵੇਗੀ। ਸਤਿਗੁਰੂ ਜੀ ਨੇ ਹਉਮੈ ਦੇ ਪ੍ਰਥਾਇ ਹੋਰ ਵੀ ਪ੍ਰਮਾਣ ਦਿੱਤੇ ਹਨ ਕਿ ਹਉਮੈ ਦੇ ਨਾਸ ਤੋਂ ਬਿਨਾਂ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ।

ਯਥਾ— **੧. ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ ॥** [ਵਡਹੰਸ ਮਹਲਾ ੩, ਅੰਗ ੫੬੯]

PDF created with pdfFactory Pro trial version www.pdffactory.com

**੨. ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥**
[ਰਾਗੁ ਸੂਹੀ ਮ: ੩, ਅੰਗ ੭੬੮]

**੩. ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥**
[ਮਾਰੂ ਮਹਲਾ ੩, ਅੰਗ ੧੦੪੫]

**੪. ਹਉਮੈ ਕ੍ਰੋਧੁ ਸਬਦਿ ਨਿਵਾਰੈ ॥** [ਮਾਰੂ ਮਹਲਾ ੩, ਅੰਗ ੧੦੫੭]

## ਮ: ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥

ਵਾਹਿਗੁਰੂ ਆਪ ਹੀ ਜੀਵਾਂ ਨੂੰ ਸੇਵਾ ਵਿੱਚ ਲਾਇਅਨੁ=ਲਾਉਂਦਾ ਹੈ ਫਿਰ ਆਪ ਹੀ ਬਖਸ=ਬਖ਼ਸ਼ਿਸ਼ ਕਰਦਾ ਹੈ, ਵਾ: ਗੁਨਾਹਾਂ ਨੂੰ ਬਖ਼ਸ਼ਣਾ ਕਰਦਾ ਹੈ। ਗੁਰੂ ਘਰ ਵਿੱਚ ਸੇਵਾ ਅਤੇ ਸਿਮਰਨ ਦੀ ਮੁੱਢ ਤੋਂ ਪ੍ਰਧਾਨਤਾ ਰਹੀ ਹੈ ਸੇਵਾ ਦੁਆਰਾ ਨਿਮਰਤਾ, ਇਕਾਗਰਤਾ, ਪਿਆਰ, ਭਾਵਨਾ ਵਧਦੀ ਹੈ ਜੋ ਪ੍ਰਭੂ ਮਿਲਾਪ ਵਿੱਚ ਸਹਾਇਕ ਹੈ।

## ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥

ਸਾਰੇ ਜੀਵਾਂ ਦਾ ਮਾਤਾ ਅਤੇ ਪਿਤਾ ਰੂਪ ਪ੍ਰਮੇਸ਼ਰ ਆਪ ਹੀ ਹੈ ਅਤੇ ਆਪ ਹੀ ਸਾਰਿਆਂ ਦੀ ਸਾਰ=ਸੰਭਾਲ ਕਰੇਇ=ਕਰਦਾ ਹੈ। ਸਾਰਿਆਂ ਦਾ ਮਾਂ ਪਿਓ ਇਸ ਲਈ ਹੈ ਕਿ ਜੋ ਵੀ ਸੰਤਾਨ ਦੀ ਉਤਪਤੀ ਹੁੰਦੀ ਹੈ ਉਹ ਮਾਤਾ ਪਿਤਾ ਦੁਆਰਾ ਹੀ ਸੰਭਵ ਹੁੰਦੀ ਹੈ। ਇਸੇ ਤਰ੍ਹਾਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪਤੀ ਕਰਨ ਵਾਲਾ ਵਾਹਿਗੁਰੂ ਹੈ ਜੋ ਮਾਤਾ ਦੀ ਤਰ੍ਹਾਂ ਰਖਿਆ ਕਰਦਾ ਹੈ ਤੇ ਪਿਤਾ ਦੀ ਤਰ੍ਹਾਂ ਪ੍ਰਤਿਪਾਲਣਾ ਕਰਦਾ ਹੈ। ਇਸ ਲਈ ਸਾਰਿਆਂ ਦਾ ਮਾਂ ਪਿਓ ਰੂਪ ਹੈ।

ਯਥਾ— **੧. ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥** [ਮਾਝ ਮਹਲਾ ੫, ਅੰਗ ੧੦੩]

**੨. ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥**
**ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥** [ਸਲੋਕ ਡਖਣੇ ਮਹਲਾ ੫, ਅੰਗ ੧੧੦੧]

**੩. ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥**
[ਭੈਰਉ ਮਹਲਾ ੫, ਅੰਗ ੧੧੪੪]

**੪. ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**
[ਰਾਮਕਲੀ ਮਹਲਾ ੩, ਅੰਗ ੯੨੧]

## ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੋ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ ਉਨ੍ਹਾਂ ਦਾ ਸਰੂਪ ਰੂਪੀ ਘਰ ਵਿੱਚ ਵਾਸਾ ਹੁੰਦਾ ਹੈ ਅਤੇ ਨਾਲ ਹੀ ਜੁਗਾਂ ਜੁਗੰਤਰਾਂ ਵਿੱਚ ਸੋਭਾ=ਵਡਿਆਈ ਹੁੰਦੀ ਹੈ।

ਯਥਾ— **੧. ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥**
[ਮਾਝ ਮਹਲਾ ੩, ਅੰਗ ੧੧੫]

**੨. ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥**
**ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥੫॥**
[ਆਸਾ ਮਹਲਾ ੩, ਅੰਗ ੪੨੯]

PDF created with pdfFactory Pro trial version www.pdffactory.com

**੩. ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥**

[ਗਉੜੀ ਮਹਲਾ ੫, ਅੰਗ ੧੯੭]

## *ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥*

ਹੇ ਸੰਸਾਰ ਦੀ ਰਚਨਾ ਕਰਤੇ=ਕਰਣ ਵਾਲੇ ਵਾਹਿਗੁਰੂ ਤੂੰ ਸਭੇ ਕਾਰਨਾਂ ਦੇ ਕਰਨ ਨੂੰ ਸਮਰੱਥ ਹੈਂ। ਕਾਰਨ ਤੇਰੇ ਵਸ ਵਿੱਚ ਹੈ ਆਪ ਜੀ ਤੋਂ ਬਿਨਾਂ ਮੈਨੂੰ ਕੋਈ ਸੁੱਝਦਾ ਨਹੀਂ ਹੈ। ਹਰ ਕਾਰਜ ਦੀ ਉਤਪਤੀ ਕਾਰਨ ਤੋਂ ਹੋਇਆ ਕਰਦੀ ਹੈ। ਕੋਈ ਵੀ ਕਾਰਜ ਆਪਣੇ ਕਾਰਨ ਤੋਂ ਅੱਲਗ ਨਹੀਂ ਹੁੰਦਾ। ਸੰਸਾਰ ਇੱਕ ਵੱਡਾ ਕਾਰਜ ਹੈ ਇਸ ਦੇ ਰਚਣ ਦਾ ਕਾਰਨ ਮਾਇਆ ਹੈ ਤੇ ਮਾਇਆ ਦਾ ਕਾਰਨ ਖੁਦ ਪ੍ਰਮਾਤਮਾ ਆਪ ਹੈ।

ਯਥਾ— **੧. ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥**
**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥** [ਬਿਹਾਗੜਾ ਮਹਲਾ ੯, ਅੰਗ ੫੩੭]

**੨. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**
**ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥** [ਗਉੜੀ ਮਹਲਾ ੫, ਅੰਗ ੨੭੬]

**੩. ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ ॥**
**ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥੧੩੩॥**

[ਸਲੋਕ ਕਬੀਰ ਜੀ, ਅੰਗ ੧੩੭੧]

**੪. ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥** [ਵਾਰ ਮਾਝ ਮਹਲਾ ੨, ਅੰਗ ੧੪੮]

## *ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥*

ਹੇ ਵਾਹਿਗੁਰੂ ! ਤੁਧੁ=ਤੁਸੀਂ ਆਪ ਹੀ ਸਾਰੀ ਸਿਸਟਿ=ਸ੍ਰਿਸਟੀ ਸਿਰਜੀਆ=ਪੈਦਾ ਕੀਤੀ ਹੈ ਤੇ ਆਪ ਹੀ ਵਾਪਸ ਗੋਈ=ਬੁਲਾਈ ਹੈ ਭਾਵ ਆਪਣੇ ਵਿੱਚ ਮਿਲਾਈ=ਛਪਾਈ ਹੈ। ਗੋਈ ਤੋਂ ਭਾਵ ਮਿਲਾਉਣਾ ਆਮ ਵਰਤੋਂ ਵਿੱਚ ਵੀ ਇਹ ਸ਼ਬਦ ਆਉਂਦਾ ਹੈ। ਜੈਸਾ ਕਿ "ਤੱਤਾ ਠੰਢਾ ਪਾਣੀ ਗੋ ਦੇ" ਗੋਈ=ਗੁੰਨਣਾ-ਮਿਲਾਉਣਾ-ਮਿਕਸ ਕਰਨਾ।

## *ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥*

ਸਭੁ=ਸਾਰਿਆਂ ਦੇ ਸਿਰ ਉੱਤੇ ਇਕ ਆਪ ਜੀ ਦਾ ਹੀ ਸਬਦੁ=ਹੁਕਮ ਵਰਤ ਰਿਹਾ ਹੈ ਜੋ ਆਪ ਜੀ ਕਰਦੇ ਹੋ ਸੁ=ਉਹ ਹੀ ਹੋਈ=ਹੁੰਦਾ ਹੈ।

## *ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥*

ਹੇ ਪ੍ਰਭੁ=ਮਾਲਕ ! ਜਿਨ੍ਹਾਂ ਗੁਰਮੁਖਾਂ ਨੂੰ ਤੂੰ ਆਪ ਹੀ ਨਾਮ ਜਪਣ ਰੂਪ ਵਡਿਆਈ ਦਿੰਦਾ ਹੈਂ ਉਹੀ ਗੁਰਮੁਖਿ ਹੇ ਹਰਿ=ਵਾਹਿਗੁਰੂ ਤੈਨੂੰ ਪਾਵੈ=ਪ੍ਰਾਪਤ ਕਰਦੇ ਹਨ।

## *ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ*

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਸ ਸਤਿਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਆਰਾਧਿਆ=ਜਪਿਆ

PDF created with pdfFactory Pro trial version www.pdffactory.com

ਜਾਂਦਾ ਹੈ। ਸਾਰੇ ਜਨ ਮਿਲ ਕੇ ਪ੍ਰੇਮ ਨਾਲ ਸੋਈ ਗੁਰੂ ਨੂੰ ਮਨ ਬਾਣੀ ਸਰੀਰ ਕਰਕੇ ਧੰਨ-ਧੰਨ-ਧੰਨ ਆਖਣਾ ਕਰੋ।

ਯਥਾ— **੧. ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**
**ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥**

[ਗਉੜੀ ਮਹਲਾ ੪, ਅੰਗ ੧੬੭]

**੨. ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥**

[ਗਉੜੀ ਮਹਲਾ ੪, ਅੰਗ ੧੬੮]

"ਸੁਧੁ" ਅੱਖਰ ਇਸ ਲਈ ਹੈ ਕਿ ਇਹ ਵਾਰ ਸੁਧਾ ਰੀਤ ਵਿੱਚ ਗਾਉਣੀ ਚਾਹੀਦੀ ਹੈ। ਅਥਵਾ ਇਹ ਵਾਰ ਸੁਧ ਹੈ ਇਸ ਉਤੇ ਕੋਈ ਸਿੱਖ ਆਪਣੀ ਉਕਤ ਮੁਤਾਬਕ ਅਦਲਾ ਬਦਲੀ ਨ ਕਰੇ। ਗੁਰੂ ਅਰਜਨ ਸਾਹਿਬ ਨਿਮਰਤਾ ਵਿੱਚ ਆ ਕੇ ਜਿਥੇ ਪਹਿਲੇ ਗੁਰੂਆਂ ਦੀ ਵਾਰ ਰਚੀ ਹੈ ਉਸਨੂੰ "ਸੁਧ" ਅੱਖਰ ਵਿੱਚ ਲਿਖਕੇ ਭਾਵਨਾ ਪ੍ਰਗਟ ਕਰਦੇ ਹਨ। ਜਿਥੇ ਆਪਣੀ ਵਾਰ ਉਚਾਰਨ ਕੀਤੀ ਹੈ ਉਥੇ "ਸੁਧ ਕੀਚੇ" ਅੱਖਰ ਪਾਉਂਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com